# ਮੈਂ ਭਾਅ ਜੀ ਦੀ ਦੇਣ ਹਾਂ

ਅਨੀਤਾ ਸ਼ਬਦੀਸ਼

ਚਲੇ ਗਏ..ਮੈਨੂੰ ਜ਼ਿੰਦਗੀ ਦੇਣ ਵਾਲੇ, ਖੁਸ਼ੀਆਂ ਦੇਣ ਵਾਲੇ..ਕਰ ਆਏ ਹਾਂ ਵਿਦਾ ਭਾਅ ਜੀ ਨੂੰ..ਹੰਝੂਆਂ ਦੇ ਦਰਿਆ ਵਹਿ ਗਏ ਪਰ ਭਾਅ ਜੀ ਕੁਝ ਵੀ ਨਹੀਂ ਬੋਲੇ..ਚੁੱਪ-ਚਾਪ ਪਏ ਰਹੇ..ਇਕ ਬੁਲੰਦ ਆਵਾਜ਼ ਇਸ ਕਦਰ ਖ਼ਾਮੋਸ਼..? ਮੇਰੀਆਂ ਅੱਖਾਂ 'ਚੋਂ ਹੰਝੂ ਵਹਿ ਰਹੇ ਸਨ। ਇਕ ਦਿਨ ਭਾਅ ਜੀ ਨੇ ਮੇਰੀਆਂ ਅੱਖਾਂ 'ਚ ਡੱਕੇ ਹੰਝੂ ਵੇਖ ਕੇ ਕਿਹਾ ਸੀ, "ਬੇਟਾ, ਐਨੀ ਉਦਾਸ ਕਿਉਂ ਰਹਿੰਦੀ ਏਂ..ਰੋਈਦਾ ਨਹੀਂ ਹੁੰਦਾ, ਹਿੰਮਤ ਰੱਖ ਤੇ ਜ਼ਿੰਦਗੀ ਨੂੰ ਜਿਊਣਾ ਸਿੱਖ, ਕੁੜੀਆਂ ਨੂੰ ਖ਼ੁਦ ਫੈਸਲੇ ਲੈਣੇ ਆਉਣੇ ਚਾਹੀਦੇ ਹਨ.. "ਪਰ ਅੱਜ, ਉਹਨਾਂ ਨੂੰ ਮੇਰੇ ਹੰਝੂ ਦਿਖਾਈ ਵੀ ਨਹੀਂ ਸੀ ਦੇ ਰਹੇ.."

16 ਸਤੰਬਰ ਨੂੰ, ਜਦੋਂ 'ਗੁਰਸ਼ਰਨ ਸਿੰਘ ਨਾਟ ਉਤਸਵ' ਦੇ ਦੂਜੇ ਦਿਨ ਭਾਅ ਜੀ ਦਾ ਜਨਮ ਦਿਨ ਮਨਾਇਆ ਸੀ ਤਾਂ ਕਿਸ ਨੇ ਸੋਚਿਆ ਸੀ ਕਿ 12 ਦਿਨਾਂ ਬਾਅਦ ਇਹ ਸਭ ਕੁਝ ਵੀ ਹੋ ਜਾਵੇਗਾ..ਹਮੇਸ਼ਾਂ ਭਗਤ ਸਿੰਘ ਨੂੰ ਯਾਦ ਕਰਨ ਵਾਲੇ, ਹਮੇਸ਼ਾਂ ਉਸ ਦੀ ਸੋਚ 'ਤੇ ਪਹਿਰਾ ਦੇਣ ਦਾ ਸੰਦੇਸ਼ ਦੇਣ ਵਾਲੇ ਖ਼ਾਮੋਸ਼ ਸਨ, ਵਾਹ..! ਦਿਨ ਵੀ ਚੁਣਿਆ ਤਾਂ ਉਹੀ 28 ਸਤੰਬਰ ਦਾ। ਮੈਨੂੰ ਲੱਗਦਾ ਹੈ, ਅਸੀਂ ਉਸ ਭਗਤ ਸਿੰਘ ਨੂੰ ਤਾਂ ਨਹੀਂ ਦੇਖ ਸਕੇ, ਪਰ ਅਸੀਂ 'ਅੱਜ ਦੇ ਭਗਤ ਸਿੰਘ' ਨੂੰ ਦੇਖ ਲਿਆ ਹੈ।

ਭਾਅ ਜੀ ਨਾਲ ਬਿਤਾਏ ਸਾਰੇ ਪਲ ਯਾਦ ਆ ਰਹੇ ਹਨ। ਮੇਰੇ ਨਾਲ ਗੱਲਾਂ ਕਰਦਿਆਂ ਉਹਨਾਂ ਦੇ ਆਖੇ ਆਖਰੀ ਸ਼ਬਦ ਯਾਦ ਆ ਰਹੇ ਹਨ। ਮੈਂ ਨਾਟ ਉਤਸਵ ਖ਼ਤਮ ਹੋਣ ਤੋਂ ਬਾਅਦ ਉਹਨਾਂ ਦੇ ਘਰ ਗਈ ਤਾਂ ਮੈਂ ਪੁੱਛਿਆ- 'ਭਾਅ ਜੀ, ਕੈਸਾ ਰਿਹਾ ਪ੍ਰੋਗਰਾਮ ?' ਉਹਨਾਂ ਦੇ ਸ਼ਬਦ ਸਨ, "ਬਹੁਤ ਠੀਕ.. ਬਹੁਤ ਹੀ ਠੀਕ..1970 ਵਿਚ ਮੈਨੂੰ ਕਿਸੇ ਨੇ ਸਵਾਲ ਕੀਤਾ ਸੀ ਕਿ ਤੁਸੀਂ ਨਾਟਕ ਕਿਉਂ ਕਰਦੇ ਹੋ, ਇਹ ਨਾਟਕ ਕਰਨ ਦਾ ਕੀ ਫ਼ਾਇਦਾ ਹੈ ? ਅੱਜ ਮੈਂ ਆਖ ਸਕਦਾ ਹਾਂ-ਮੈਨੂੰ ਉਸ ਦਾ ਜਵਾਬ ਮਿਲ ਗਿਆ..ਇਹ ਜਵਾਬ ਤੁਹਾਡੇ ਕੰਮ ਨੇ ਦੇ ਦਿੱਤਾ ਹੈ। ਤੁਹਾਨੂੰ ਜਾਚ ਆ ਗਈ ਐ ਕੰਮ ਕਰਨ ਦੀ। ਤੁਸਾਂ ਟੈਗੋਰ ਦਾ 'ਲਾਲ ਕਨੇਰ' ਖੇਡ ਕੇ ਸਾਬਿਤ ਕੀਤਾ ਹੈ ਕਿ ਹੁਣ ਪੰਜਾਬ ਵਿਚ ਬੌਧਿਕ ਡਰਾਮਾ ਵੀ ਹੋ ਸਕਦਾ ਹੈ। ਤੁਸਾਂ ਹਾਲੇ 40-40 ਸਾਲ ਕੰਮ ਕਰਨਾ ਹੈ। ਸਭ ਲੋਕ ਮਿਲ ਕੇ ਬੈਠੋ। ਅਗਲੇ 40 ਸਾਲ ਪਲੈਨ ਕਰੋ.."

ਉਨ੍ਹਾਂ ਦੀ ਯਾਦ ਵਿੱਚ ਹੋਣ ਵਾਲੇ ਸਮਾਗਮ ਇਨਕਲਾਬੀ ਰੰਗਮੰਚ ਤੇ ਤਬਦੀਲੀ ਦੇ ਸੰਘਰਸ਼ ਲਈ ਲੋਕ-ਲਹਿਰਾਂ ਨੂੰ ਪਲੈਨ ਕਰਨ ਦੇ ਦਿਨ ਹਨ। ਸੁਪਨਿਆਂ ਦੇ ਸਮਾਜ ਨੂੰ ਸਿਰਜਣ ਲਈ ਅਹਿਦ ਕਰਨ ਦੇ ਦਿਵਸ। ਭਾਅ ਜੀ ਨੂੰ ਦਿਲਾਂ ਵਿਚ ਸਾਂਭ ਲੈਣ ਤੇ ਯਾਦਾਂ ਸਾਂਝੀਆਂ ਕਰਨ ਦੇ ਦਿਨ। ਉਹ ਯਾਦਾਂ, ਜਿਨ੍ਹਾਂ ਵਿਚ ਤਬਦੀਲੀ ਦੀ ਤਾਂਘ ਦੇ ਨਕਸ਼ ਹਨ।

..................................

ਮੈਨੂੰ ਯਾਦ ਹਨ ਉਹ ਦਿਨ, ਜਦੋਂ ਮੈਂ ਬਹੁਤ ਉਦਾਸ ਸੀ, ਨਿਰਾਸ਼ ਸੀ ਤੇ ਕਿਸੇ ਹੱਦ ਤੱਕ ਜ਼ਿੰਦਗੀ ਤੋਂ ਬੇਆਸ ਵੀ ਸੀ। ਉਸ ਸੰਘਣੇ ਹਨੇਰੇ ਵਿਚ ਰੰਗਮੰਚ ਹੀ ਜਗਦਾ ਚਿਰਾਗ਼

ਸੀ, ਜਿਸ ਕੋਲੋਂ ਮੈਂ ਰੋਸ਼ਨੀ ਹਾਸਲ ਕਰ ਸਕਦੀ ਸੀ। ਉਸ ਵੇਲੇ ਮੇਰੇ ਕੋਲ ਕੋਈ ਮੰਚ ਨਹੀਂ ਸੀ, ਜਿਥੋਂ ਮੈਂ ਲਗਾਤਾਰ ਰੌਸ਼ਨੀ ਲੈ ਸਕਾਂ, ਕਿਉਂਕਿ ਮੈਂ ਜਿਨ੍ਹਾਂ ਮੰਚਾਂ ਨਾਲ ਥੋੜ੍ਹਾ-ਬਹੁਤਾ ਰੰਗਮੰਚ ਕਰਦੀ ਸੀ, ਉਨ੍ਹਾਂ ਦੀਆਂ ਪੇਸ਼ਕਾਰੀਆਂ ਬਹੁਤ ਸੀਮਤ ਸਨ। ਬਸ ਵਰ੍ਹੇ-ਛਿਮਾਈ ਕੋਈ ਇੱਕ-ਅੱਧ ਨਾਟਕ।

ਉਦਾਸੀ ਦੇ ਆਲਮ ਵਿਚ ਗਵਾਚੀ ਹੋਈ ਉਨ੍ਹਾਂ ਵਕਤਾਂ ਨੂੰ ਯਾਦ ਕਰਦੀ ਰਹਿੰਦੀ ਸਾਂ, ਜਦੋਂ ਮੈਂ ਆਪਣੇ ਤੋਂ ਇੱਕ ਸਾਲ ਵੱਡੇ ਭਰਾ, ਕੁਮਾਰ ਪਵਨਦੀਪ ਨਾਲ ਨਾਟਕ ਵੇਖਣ ਜਾਇਆ ਕਰਦੀ ਸੀ। ਉਸ ਸਮੇਂ ਅਸੀਂ ਬਹੁਤ ਛੋਟੇ ਹੁੰਦੇ ਸੀ। ਡੈਡੀ ਸਾਨੂੰ ਦੋਵਾਂ ਨੂੰ ਸਾਈਕਲ 'ਤੇ ਬਿਠਾ ਕੇ ਪੰਜ ਸਟਾਰ ਫੈਕਟਰੀ ਵਿਚ ਨਾਟਕ ਵੇਖਣ ਲਿਜਾਂਦੇ ਸਨ। ਇਹ ਹੁਕਮ ਸਿੰਘ ਭੱਟੀ ਦੀ ਫੈਕਟਰੀ ਸੀ, ਜਿੱਥੇ ਟੀ. ਵੀ. ਸੈੱਟ ਬਣਦੇ ਸਨ। ਇਥੇ ਹੀ ਉਨ੍ਹਾਂ ਨੇ ਓਪਨ ਏਅਰ ਥੀਏਟਰ ਬਣਾਇਆ ਹੋਇਆ ਸੀ। ਉਹ ਆਪ ਨਾ ਨਾਟਕਕਾਰ ਸਨ, ਨਾ ਨਿਰਦੇਸ਼ਕ ਸਨ ਤੇ ਨਾ ਹੀ ਅਦਾਕਾਰ। ਉਹ ਕਲਾ-ਪ੍ਰੇਮੀ ਸਨ ਤੇ ਰੰਗਮੰਚ ਦੇ ਸਰਪ੍ਰਸਤ ਸਨ। ਇਹ ਗੱਲ ਤਾਂ ਬਹੁਤ ਪਿੱਛੋਂ ਪਤਾ ਲੱਗੀ ਕਿ ਉਨ੍ਹਾਂ ਨੇ ਬਲਰਾਜ ਸਾਹਨੀ ਵਰਗੇ ਮਹਾਨ ਕਲਾਕਾਰ ਦੇ ਆਖਣ ਉਤੇ ਪੰਜਾਬੀ ਕਲਾ ਕੇਂਦਰ ਬੰਬਈ ਬਣਾਇਆ ਸੀ। ਜਦੋਂ ਪੰਜਾਬ ਆਏ ਤਾਂ ਪੰਜਾਬ ਕਲਾ ਕੇਂਦਰ ਚੰਡੀਗੜ੍ਹ ਦੀ ਸਥਾਪਨਾ ਕੀਤੀ, ਜੋ ਹੁਣ ਵੀ ਨਾਟਕਾਂ ਦੇ ਨਿਰਮਾਤਾ ਵਜੋਂ ਨਿਰਦੇਸ਼ਕਾਂ ਲਈ ਸਹਾਈ ਹੁੰਦਾ ਹੈ।

ਉਸ ਸਮੇਂ ਮੇਰੇ ਸ਼ਾਇਰ ਪਿਤਾ, ਧਰਮਪਾਲ ਉਪਾਸ਼ਕ ਪੰਜਾਬ ਟ੍ਰੈਕਟਰਜ਼ ਫੈਕਟਰੀ ਵਿਚ ਕੰਮ ਕਰਦੇ ਸਨ। ਜੇ ਰਾਤ ਦੀ ਸ਼ਿਫਟ ਹੋਵੇ ਤਾਂ ਉਹ ਨਾਟਕ ਵੇਖਣ ਲਈ ਛੁੱਟੀ ਵੀ ਕਰ ਲੈਂਦੇ ਸਨ। ਇਹ ਉਨ੍ਹਾਂ ਦੀ ਸਮਾਜਕ ਸਵਾਲਾਂ ਨਾਲ ਜੁੜੇ ਨਾਟਕਾਂ ਲਈ ਪ੍ਰਤੀਬੱਧਤਾ ਸੀ। ਇਸਦਾ ਕੁਝ ਨਾ ਕੁਝ ਅਸਰ ਸਾਡੇ ਬਾਲ ਮਨਾਂ ਉਤੇ ਵੀ ਹੋ ਰਿਹਾ ਸੀ। ਉਹਨੀਂ ਦਿਨੀਂ ਪੰਜ ਸਟਾਰ ਦੇ ਓਪਨ ਏਅਰ ਥੀਏਟਰ ਵਿਚ ਵੇਖੇ ਦੇਵਿੰਦਰ ਦਮਨ ਤੇ ਕਮਲ ਵਿਦਰੋਹੀ ਦੇ ਨਾਟਕ ਹਾਲੇ ਵੀ ਯਾਦ ਹਨ। ਪਰ ਗੁਰਸ਼ਰਨ ਭਾਅ ਜੀ ਦੇ ਨਾਟਕਾਂ ਦਾ ਵੱਖਰਾ ਹੀ ਰੰਗ ਸੀ। ਓਦੋਂ ਭਾਅ ਜੀ ਅੰਮ੍ਰਿਤਸਰ ਤੋਂ ਨਾਟਕ ਕਰਨ ਆਇਆ ਕਰਦੇ ਸਨ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਕਦੇ ਅਦਾਕਾਰਾ ਵਜੋਂ ਰੰਗਮੰਚ ਦੀ ਦੁਨੀਆਂ ਵਿਚ ਦਾਖਲ ਹੋਵਾਂਗੀ ਤੇ ਮੈਨੂੰ ਉਨ੍ਹਾਂ ਦੀ ਰਹਿਨੁਮਾਈ ਵਿਚ ਨਾਟਕ ਖੇਡਣ ਦਾ ਮੌਕਾ ਵੀ ਮਿਲ ਸਕੇਗਾ। ਹਾਂ, ਓਦੋਂ ਅਸੀਂ ਦੋਵੇਂ ਭੈਣ-ਭਰਾ ਵੇਖੇ ਹੋਏ ਨਾਟਕ ਇੰਪਰੋਵਾਈਜ਼ ਕਰਕੇ ਖੇਡਦੇ ਸਾਂ, ਹਾਲਾਂਕਿ ਉਸ ਸਮੇਂ ਨਾਟਕ ਦੀ ਦੁਨੀਆਂ ਦੇ ਇਸ ਸ਼ਬਦ ਦਾ ਪਤਾ ਵੀ ਨਹੀਂ ਸੀ। ਮੈਨੂੰ ਯਾਦ ਹੈ, ਕਦੇ ਪਵਨ ਟੋਏ ਵਿਚ ਡਿੱਗਦਾ ਸੀ ਤੇ ਮੈਂ ਨਾਟਕ ਦੇ ਕਿਰਦਾਰ ਨਿਭਾ ਰਹੀ ਹੁੰਦੀ ਸੀ ਤੇ ਕਦੇ ਮੈਂ ਟੋਏ ਵਿਚ ਡਿੱਗੀ ਹੁੰਦੀ।

ਜਿਨ੍ਹਾਂ ਦਿਨਾਂ ਦੀ ਗੱਲ ਕਰ ਰਹੀ ਹਾਂ, ਮੈਂ ਉਹਨੀਂ ਦਿਨੀ ਸੱਚਮੁੱਚ ਟੋਏ ਵਿਚ ਡਿੱਗੀ ਹੋਈ ਸੀ। ਮੈਂ ਸਾਊ ਬਾਪ ਦੀ ਜ਼ਿੰਮੇਵਾਰ ਧੀ ਬਣਨ ਦੇ ਚਾਅ ਵਿਚ ਕਾਲਜ ਦੀ ਪੜ੍ਹਾਈ ਛੱਡ ਕੇ ਫੈਕਟਰੀ ਵਰਕਰ ਬਣ ਗਈ ਸਾਂ। ਮਨ ਵਿਚ ਖ਼ਿਆਲ ਸੀ ਕਿ ਮੈਂ ਆਪਣੇ ਸਿਰ-ਬ-ਸਿਰ ਪੜ੍ਹਾਈ ਪੂਰੀ ਕਰਾਂਗੀ। ਉਹ ਤਾਂ ਹੋ ਨਾ ਸਕੀ, ਪਰ ਮੇਰੇ ਮਾਸੂਮ ਹੱਥਾਂ ਉੱਤੇ ਮਹਿੰਦੀ ਲੱਗ ਗਈ। ਉਹ ਮਹਿੰਦੀ ਉਦਾਸ ਹੋਈ, ਉਹ ਸਭ ਕੁਝ ਸਹਿਣ ਕਰਦੀ ਹੋਈ, ਜੋ ਸਾਡੇ ਸਮਾਜ ਵਿਚ ਪਤਨੀ ਦੇ ਤਨ ਤੇ ਮਨ ਉਤੇ ਹਰ ਪਲ-ਛਿਣ ਵਾਪਰਦਾ ਹੈ। ਉਹ


ਕੁੱਟ-ਮਾਰਾਂ ਸਹਿੰਦੀ ਉਦਾਸ ਮਹਿੰਦੀ ਵੀ ਅੰਤ ਉਤਰ ਗਈ। ਮੇਰੇ ਬਾਪ ਦੇ ਦੋਸਤਾਂ ਨੇ ਮੇਰੇ ਲਈ ਜੋ 'ਕਾਮਰੇਡ ਮੁੰਡਾ' ਜੁ ਲੱਭਿਆ ਸੀ, ਜ਼ਿੰਦਗੀ ਦੇ ਸੰਘਰਸ਼ ਵਿਚ ਹਾਰ ਗਿਆ ਸੀ। ਇਨ੍ਹਾਂ ਹਾਲਾਤ ਵਿਚ ਮੈਂ ਬਹੁਤ ਉਦਾਸ, ਨਿਰਾਸ਼ ਤੇ ਜ਼ਿੰਦਗੀ ਤੋਂ ਬੇਆਸ ਹੀ ਤਾਂ ਹੋ ਸਕਦੀ ਸੀ।

ਇਹਨੀਂ ਦਿਨੀਂ ਗੁਰਸ਼ਰਨ ਭਾਅ ਜੀ ਅੰਮ੍ਰਿਤਸਰ ਤੋਂ ਚੰਡੀਗੜ੍ਹ ਆ ਗਏ ਸਨ। ਪੰਜਾਬ ਕਲਾ ਭਵਨ ਵਿਚ ਨਾਟਕ ਹੋ ਰਿਹਾ ਸੀ। ਮੈਂ ਡੈਡੀ ਜੀ ਨਾਲ ਨਾਟਕ ਵੇਖਣ ਚਲੀ ਗਈ। ਇਹ ਪੰਜ ਸਟਾਰ ਦੇ ਓਪਨ ਏਅਰ ਤੋਂ ਵੱਖਰੀ ਤਰ੍ਹਾਂ ਦਾ ਸਫ਼ਰ ਸੀ। ਨਾਟਕ ਬਣੀ ਜ਼ਿੰਦਗੀ ਨਾਟਕ ਦੇਖਣ ਜਾ ਰਹੀ ਸੀ ਤੇ ਨਾਟਕ ਸੀ 'ਨਵਾਂ ਜਨਮ'। ਉਸ ਦਿਨ ਭਾਅ ਜੀ ਨੇ ਮੈਨੂੰ ਅੰਮ੍ਰਿਤਸਰ ਸਕੂਲ ਆਫ ਡਰਾਮਾ ਨਾਲ ਜੁੜਨ ਦਾ ਸੱਦਾ ਦਿੱਤਾ ਤਾਂ ਇਹ ਮੇਰੇ ਲਈ ਅਚਾਨਕ ਹੀ ਹੋਇਆ ਰੌਸ਼ਨੀ ਦਾ ਇਕ ਵਿਸਫੋਟ ਸੀ। ਭਾਅ ਜੀ ਨੂੰ ਪਤਾ ਸੀ ਕਿ ਮੈ ਡਾ. ਆਤਮਜੀਤ ਤੇ ਸਰਘੀ ਕਲਾ ਕੇਂਦਰ ਨਾਲ ਕੰਮ ਕੀਤਾ ਹੈ। ਉਨ੍ਹਾਂ ਡੈਡੀ ਨੂੰ ਪੁੱਛਿਆ, "ਉਪਾਸ਼ਕ ਜੀ, ਇਹ ਮੇਰੇ ਨਾਲ ਪਿੰਡਾਂ ਵਿਚ ਨਾਟਕ ਕਰਨ ਜਾ ਸਕਦੀ ਹੈ?" ਇਹ ਮੇਰੇ ਲਈ ਸੁਪਨਾ ਸਾਕਾਰ ਹੋਣ ਵਾਲਾ ਸਵਾਲ ਸੀ ਤੇ ਇਸ ਦਾ ਇਕ ਹੀ ਜਵਾਬ ਹੋ ਸਕਦਾ ਸੀ- ਹਾਂ, ਮੈਂ ਨਾਟਕ ਕਰਾਂਗੀ। ਇਸ ਤਰ੍ਹਾਂ ਮੈਂ ਭਾਅ ਜੀ ਦੇ ਰੰਗਮੰਚ ਨਾਲ ਜੁੜ ਗਈ।

ਉਹਨੀਂ ਦਿਨੀਂ ਭਾਅ ਜੀ ਸਰਵਮੀਤ ਦੀ ਕਹਾਣੀ 'ਕਲਾਣ' ਉਤੇ ਅਧਾਰਤ 'ਨਵਾਂ ਜਨਮ' ਨਾਟਕ ਪਿੰਡਾਂ ਵਿਚ ਕਰ ਰਹੇ ਸਨ ਤੇ ਮੈਂ ਉਸ ਨਾਟਕ ਦੀ ਮੇਜੋ ਬਣ ਗਈ। ਅੱਜ ਮੈਨੂੰ ਮਹਿਸੂਸ ਹੋ ਰਿਹਾ ਕਿ ਉਹ ਮੇਰਾ ਵੀ 'ਨਵਾਂ ਜਨਮ' ਸੀ। ਉਸ ਤੋਂ ਬਾਅਦ ਮੈਂ ਪੰਜਾਬ ਦੀਆਂ ਕਈ ਟੀਮਾਂ ਨਾਲ ਨਾਟਕ ਕੀਤੇ ਹਨ। ਉਨ੍ਹਾਂ ਦੀ ਬਦੌਲਤ ਹੀ ਦੇਸ਼-ਵਿਦੇਸ਼ ਤੱਕ ਰੰਗਮੰਚ ਕਰ ਰਹੀ ਹਾਂ। ਮੇਰੀ ਜ਼ਿੰਦਗੀ ਨੂੰ ਇੱਕ ਹੋਰ ਮੋੜ ਸ਼ਬਦੀਸ਼ ਨਾਲ ਮਿਲਾ ਦੇਣਾ ਸੀ। ਜੇ ਭਾਅ ਜੀ ਰੌਸ਼ਨੀ ਨਾ ਦਿਖਾਉਂਦੇ, ਮੈਂ ਹਨੇਰੇ ਵਿਚ ਹੀ ਭਟਕਦੀ ਰਹਿ ਜਾਣਾ ਸੀ, ਉਨ੍ਹਾਂ ਬੇਅੰਤ ਕੁੜੀਆਂ ਵਾਂਗ, ਜਿਨ੍ਹਾਂ ਵਰਗੀ ਹੋਣੀ ਹੰਢਾਉਣਾ ਮੈਂ ਤੈਅ ਕਰ ਲਿਆ ਸੀ। ਹੁਣ ਮੈਂ ਬਦਲ ਚੁੱਕੀ ਹਾਂ ਤੇ ਉਸ ਤਰ੍ਹਾਂ ਦੀਆਂ ਕੁੜੀਆਂ ਨੂੰ ਚੇਤਨ ਕਰਨ ਲਈ ਰੰਗਮੰਚ ਕਰ ਰਹੀ ਹਾਂ। ਇਸੇ ਲਈ 'ਨਵੇਂ ਜਨਮ' ਦੇ ਹਰ ਸਾਹ ਨਾਲ ਭਾਅ ਜੀ ਨੂੰ ਸਲਾਮ ਕਰਦੀ ਹਾਂ। 'ਗੁਰਸ਼ਰਨ ਸਿੰਘ ਨਾਟ ਉਤਸਵ' ਵੀ ਮੇਰੀ ਭਾਵਨਾ ਦੀ ਉਪਜ ਸੀ। ਇਹ ਲੋਕ-ਪੱਖੀ ਰੰਗਕਰਮੀਆਂ ਦੀ ਸਲਾਮ ਹੈ। ਉਨ੍ਹਾਂ ਸਰੋਕਾਰਾਂ, ਉਨ੍ਹਾਂ ਫ਼ਿਕਰਾਂ ਦੀ ਬਾਂਹ ਫੜੀ ਰੱਖਣ ਦਾ ਯਤਨ, ਜਿਨ੍ਹਾਂ ਦੇ ਲੜ ਸਾਨੂੰ ਭਾਅ ਜੀ ਲਾ ਰਹੇ ਸਨ। ਉਹ ਅੱਠ ਸਾਲ ਨਾਟ-ਉਤਸਵ ਵਿਚ ਸਾਡੇ ਨਾਲ ਸਨ, ਕਦੇ ਨਾਟਕ ਵੇਖਦੇ ਹੋਏ, ਕਦੇ 'ਸਿਰੜ ਨੂੰ ਸਲਾਮ' ਨਾਂ ਦਾ ਸਲਾਇਡ ਸ਼ੋਅ ਤੱਕਦੇ ਹੋਏ, ਕਦੇ ਆਪਣੇ ਜਨਮ ਦਿਨ ਉਤੇ 'ਕ੍ਰਾਂਤੀ ਦਾ ਕਲਾਕਾਰ-ਗੁਰਸ਼ਰਨ ਸਿੰਘ' ਦਸਤਾਵੇਜ਼ੀ ਫਿਲਮ ਦਾ ਤੋਹਫ਼ਾ ਕਬੂਲ ਕਰਦੇ ਹੋਏ।

'ਗੁਰਸ਼ਰਨ ਸਿੰਘ ਨਾਟ ਉਤਸਵ-2012' ਕਿਸ ਕਿਸਮ ਦਾ ਹੋਵੇਗਾ, ਉਸ ਸਮੇਂ ਕਿਸ ਕਿਸਮ ਦਾ ਅਹਿਸਾਸ ਹੋਵੇਗਾ-ਇਹ ਤਾਂ ਨਹੀਂ ਆਖ ਸਕਦੀ, ਪਰ ਇਹ ਸੋਚ ਲਿਆ ਹੈ ਕਿ ਉਹ ਭਾਅ ਜੀ ਦੇ ਜਨਮ ਦਿਨ ਤੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ (16 ਸਤੰਬਰ ਤੋਂ 28) ਤੱਕ ਕੀਤਾ ਜਾਵੇਗਾ।

..........................................



ਹੋਣਹਾਰ ਕਲਾਕਾਰ ਅਨੀਤਾ ਨੂੰ ਦੁਲਾਰਦੇ ਹੋਏ